ਮਿੱਠੇ ਬੱਚੇ:- "ਮਿੱਠੇ ਬੱਚੇ :- ਜਦੋਂ ਤੁਸੀਂ ਬਾਪ ਦੀ ਗੋਦ ਵਿੱਚ ਆਉਂਦੇ ਹੋ ਤਾਂ ਇਹ ਦੁਨੀਆਂ ਹੀ ਖ਼ਤਮ ਹੋ ਜਾਂਦੀ ਹੈ, ਤੁਹਾਡਾ ਅਗਲਾ ਜਨਮ ਨਵੀਂ ਦੁਨੀਆਂ ਵਿੱਚ ਹੁੰਦਾ ਹੈ ਇਸਲਈ ਕਹਾਵਤ ਹੈ - ਆਪ ਮੁਏ - ਮਰ ਗਈ ਦੁਨੀਆ"

ਪ੍ਰਸ਼ਨ:- ਕਿਸ ਇੱਕ ਰਸਮ ਦੇ ਆਧਾਰ ਤੇ ਬਾਪ ਦੇ ਅਵਤਰਨ ਨੂੰ ਸਿੱਧ ਕਰ ਸਕਦੇ ਹੋ?

ਉੱਤਰ:- ਭਾਰਤ ਵਿੱਚ ਹਰ ਵਰ੍ਹੇ ਪਿਤ੍ਰ ਖਵਾਉਣ ਦੀ ਰਸਮ ਚਲੀ ਆਈ ਹੈ, ਕਿਸੇ ਬ੍ਰਾਹਮਣ ਵਿੱਚ ਆਤਮਾ ਨੂੰ ਬੁਲਾਉਂਦੇ ਹਨ, ਫਿਰ ਉਹਨਾਂ ਨਾਲ ਗੱਲਾਂ ਕਰਦੇ ਹਨ, ਉਹਨਾਂ ਦਾ ਆਸ਼ ਪੁੱਛਦੇ ਹਨ। ਹੁਣ ਸ਼ਰੀਰ ਤਾਂ ਆਉਂਦਾ ਨਹੀਂ, ਆਤਮਾ ਹੀ ਆਉਂਦੀ ਹੈ। ਇਹ ਵੀ ਡਰਾਮੇ ਵਿੱਚ ਨੂੰਧਿਆ ਹੋਇਆ ਹੈ। ਜਿਵੇਂ ਆਤਮਾ ਪ੍ਰਵੇਸ਼ ਕਰ ਸਕਦੀ ਹੈ ਉਵੇਂ ਹੀ ਪਰਮਾਤਮਾ ਦਾ ਵੀ ਅਵਤਰਨ ਹੁੰਦਾ ਹੈ, ਇਹ ਤੁਸੀਂ ਬੱਚੇ ਸਿੱਧ ਕਰ ਸਮਝਾ ਸਕਦੇ ਹੋ।

ਗੀਤ:- ਮਰਨਾ ਤੇਰੀ ਗਲੀ ਮੇਂ...

ਓਮ ਸ਼ਾਂਤੀ ਇਹ ਵੀ ਗਾਇਨ ਹੈ ਇਸ ਸਮੇਂ ਦਾ, ਜੋ ਫਿਰ ਭਗਤੀ ਮਾਰਗ ਵਿੱਚ ਚਲਾ ਆਉਂਦਾ ਹੈ। ਇਸ ਸਮੇਂ ਜਦੋਂਕਿ ਤੁਸੀਂ ਬਾਪ ਕੇ ਕੋਲ ਜਿਉਂਦੇ ਜੀ ਮਰਦੇ ਹੋ ਤਾਂ ਬਰੋਬਰ ਸਾਰੀ ਦੁਨੀਆਂ ਹੀ ਖ਼ਤਮ ਹੋ ਜਾਂਦੀ ਹੈ। ਅਗਿਆਨ ਕਾਲ ਵਿੱਚ ਮਨੁੱਖ ਮਰਦੇ ਹਨ ਤਾਂ ਇਸ ਹੀ ਦੁਨੀਆਂ ਵਿੱਚ ਜਨਮ ਲੈਂਦੇ ਹਨ। ਦੁਨੀਆਂ ਕਾਇਮ ਹੈ। ਕਹਾਵਤ ਹੈ - ਆਪ ਮੁਏ ਮਰ ਗਈ ਦੁਨੀਆਂ। ਪਰ ਉਹਨਾਂ ਦੇ ਮਰਨ ਨਾਲ ਦੁਨੀਆਂ ਦਾ ਵਿਨਾਸ਼ ਤਾਂ ਨਹੀਂ ਹੋ ਜਾਂਦਾ। ਇਸ ਹੀ ਦੁਨੀਆਂ ਵਿੱਚ ਫਿਰ ਜਨਮ ਲੈਣਾ ਪੈਂਦਾ ਹੈ। ਤੁਸੀਂ ਮਰੋਗੇ ਤਾਂ ਇਹ ਸਾਰੀ ਦੁਨੀਆਂ ਖ਼ਤਮ ਹੋ ਜਾਏਗੀ। ਤੁਸੀਂ ਜਾਣਦੇ ਹੋ ਅਸੀਂ ਫਿਰ ਨਵੀਂ ਦੁਨੀਆ ਵਿਚ ਆਵਾਂਗੇ। ਇਹ ਸਿਰਫ ਤੁਸੀਂ ਬ੍ਰਾਹਮਣ ਹੀ ਜਾਣਦੇ ਹੋ। ਈਸ਼ਵਰ ਦਾ ਬੱਚਾ ਹੋਣ ਨਾਲ ਤੁਹਾਨੂੰ ਸਤਿਯੁਗ ਦਾ ਬਰ੍ਥ ਰਾਈਟ ਮਿਲਦਾ ਹੈ, ਸਵਰਗ ਦੀ ਬਾਦਸ਼ਾਹੀ ਮਿਲਦੀ ਹੈ। ਨਰਕ ਖ਼ਤਮ ਹੋ ਜਾਂਦਾ ਹੈ। ਇਸ ਵਿੱਚ ਕੋਈ ਮਿਹਨਤ ਨਹੀਂ ਹੈ। ਸਿਰਫ਼ ਬਾਪ ਨੂੰ ਯਾਦ ਕਰਨਾ ਹੈ। ਮਨੁੱਖ ਜਦੋਂ ਕੋਈ ਮਰਦੇ ਹਨ ਉਦੋਂ ਉਹਨੂੰ ਕਹਿੰਦੇ ਹਨ ਰਾਮ - ਰਾਮ ਕਹੋ। ਪਿਛਾੜੀ ਵਿੱਚ ਉੱਠਦੇ ਸਮੇਂ ਕਹਿੰਦੇ ਹਨ - ਰਾਮ ਨਾਮ ਸਤ ਹੈ। ਇਹ ਭਗਵਾਨ ਨੂੰ ਹੀ ਕਹਿੰਦੇ ਹਨ। ਰਾਮ - ਨਾਮ ਸਤ ਹੈ ਮਤਲਬ ਪਰਮਪਿਤਾ ਪਰਮਾਤਮ ਜੋ ਸਤ ਹਨ, ਉਸਦਾ ਹੀ ਨਾਮ ਲੈਣਾ ਚਾਹੀਦਾ ਹੈ। ਮਾਲਾ ਵੀ ਰਾਮ - ਰਾਮ ਕਹਿ ਸਿਮਰਦੇ ਹਨ। ਇਹ ਰਾਮ ਨਾਮ ਦੀ ਧੁਨੀ ਇਵੇਂ ਦੀ ਲਗਾਉਂਦੇ ਹਨ ਜਿਵੇਂ ਕੋਈ ਸਾਜ਼ ਵੱਜਦਾ ਹੈ। ਤੁਸੀਂ ਬੱਚਿਆਂ ਨੂੰ ਬਾਪ ਸਮਝਾਉਂਦੇ ਹਨ ਕਿ ਕੋਈ ਵੀ ਆਵਾਜ਼ ਨਹੀਂ ਕਰਨਾ ਹੈ, ਸਿਰਫ਼ ਬੁੱਧੀ ਨਾਲ ਯਾਦ ਕਰਨਾ ਹੈ। ਤੁਸੀਂ ਜਾਣਦੇ ਹੋ ਜਿਉਂਦੇ ਜੀ ਈਸ਼ਵਰ ਦੀ ਗੋਦ ਵਿੱਚ ਆਉਣ ਨਾਲ ਫਿਰ ਇਹ ਦੁੱਖ ਰੂਪੀ ਦੁਨੀਆਂ ਖ਼ਤਮ ਹੋ ਜਾਂਦੀ ਹੈ। ਬਾਬਾ, ਅਸੀਂ ਤੁਹਾਡੇ ਗਲੇ ਦਾ ਹਾਰ ਬਣ ਜਾਵਾਂਗੇ। ਗਾਇਆ ਵੀ ਜਾਂਦਾ ਹੈ ਰੁਦ੍ਰ ਮਾਲਾ। ਰਾਮ - ਮਾਲਾ ਨਹੀਂ ਕਿਹਾ ਜਾਂਦਾ ਹੈ। ਤੁਸੀਂ ਰੁਦ੍ਰ ਮਾਲਾ ਵਿੱਚ ਪਿਰੋਣ ਦੇ ਲਈ ਇਸ ਰੁਦ੍ਰ ਗਿਆਨ ਯੱਗ ਵਿੱਚ ਬੈਠੇ ਹੋ, ਕਲਪ ਪਹਿਲੇ ਮੁਆਫਿਕ। ਦੂਸਰਾ ਕੋਈ ਸਤਿਸੰਗ ਨਹੀਂ, ਜਿੱਥੇ ਇਵੇਂ ਸਮਝਦੇ ਹੋ ਕਿ ਅਸੀਂ ਈਸ਼ਵਰ ਬਾਪ ਦੇ ਗਲੇ ਵਿੱਚ ਪਿਰੋਏ ਜਾਵਾਂਗੇ। ਬਾਪ ਕੋਲੋਂ ਤਾਂ ਜਰੂਰ ਵਰਸਾ ਮਿਲੇਗਾ। ਬਾਪ ਕੌਣ ਕਹਿੰਦਾ ਹੈ? ਆਤਮਾ। ਆਤਮਾ ਵਿੱਚ ਹੀ ਬੁੱਧੀ ਹੈ ਨਾ। ਬੁੱਧੀ ਸਮਝਦੀ ਹੈ ਫਿਰ ਕਹਿੰਦੀ ਹੈ, ਪਹਿਲੇ ਸੰਕਲਪ ਆਉਂਦਾ ਹੈ ਫਿਰ ਕਰਮਇੰਦਰੀਆਂ ਨਾਲ ਕਿਹਾ ਜਾਂਦਾ ਹੈ। ਬਰੋਬਰ ਅਸੀਂ ਬਾਬਾ ਦੇ ਬਣੇ ਹਾਂ, ਬਾਬਾ ਦੇ ਹੀ ਹੋਕੇ ਰਹਾਂਗੇ। ਇਸ ਅੰਤਿਮ ਜਨਮ ਵਿੱਚ ਗੋਡ ਫ਼ਾਦਰ ਕਹਿੰਦੇ ਹਨ ਨਾ। ਫਿਰ ਪੁੱਛੋਂ ਤੁਹਾਡੇ ਵਿੱਚ ਗੋਡ ਫਾਦਰ ਦੀ ਨਾਲੇਜ਼ ਹੈ? ਤਾਂ ਕਹਿਣਗੇ ਗੋਡ ਤਾਂ ਸਰਵਵਿਆਪੀ ਹੈ। ਬੋਲੋ, ਤੁਹਾਡੀ ਆਤਮਾ ਕਹਿੰਦੀ ਹੈ ਪਰਮਪਿਤਾ, ਤਾਂ ਪਿਤਾ ਸਰਵਵਿਆਪੀ ਕਿਵੇਂ ਹੋਵੇਗਾ? ਬੱਚੇ ਵਿੱਚ ਬਾਪ ਆ ਗਿਆ ਕੀ? ਬਾਪ ਨੂੰ ਸਰਵਵਿਆਪੀ ਕਹਿਣਾ ਬਿਲਕੁਲ ਰੋਂਗ ਹੈ। ਇਹ ਗੱਲਾਂ ਬਹੁਤ ਚੰਗੀ ਤਰ੍ਹਾਂ ਸਮਝਕੇ ਫਿਰ ਸਮਝਾਉਣਾ ਹੈ।

ਰੁਦ੍ਰ ਗਿਆਨ ਯੱਗ ਤਾਂ ਮਸ਼ਹੂਰ ਹੈ। ਰੁਦ੍ਰ ਹੈ ਨਿਰਾਕਾਰ। ਸ਼੍ਰੀਕ੍ਰਿਸ਼ਨ ਤਾਂ ਸਾਕਾਰ ਹੈ। ਆਖਰੀਂਨ ਭਗਵਾਨ ਕਿਸਨੂੰ ਕਿਹਾ ਜਾਏ? ਸ਼੍ਰੀਕ੍ਰਿਸ਼ਨ ਨੂੰ ਤਾਂ ਨਹੀਂ ਕਹਿ ਸਕਦੇ। ਮਨੁੱਖ ਤਾਂ ਬਹੁਤ ਭੋਲੇ ਹੁੰਦੇ ਹਨ। ਕਹਿ ਦਿੰਦੇ ਹਨ - ਗੋਡ ਇਜ ਓਮਨੀ ਪ੍ਰੈਜ਼ੇਂਟ। ਬਾਪ ਤੇ ਆਪਣੇ ਘਰ ਵਿੱਚ ਹੀ ਰਹਿੰਦਾ ਹੈ, ਹੋਰ ਕਿੱਥੇ ਆਕੇ ਰਹੇਗਾ? ਹੁਣ ਬਾਪ ਇਸ ਬੇਹੱਦ ਦੇ ਘਰ ਵਿੱਚ ਆਇਆ ਹੋਇਆ ਹੈ। ਇੱਥੇ ਵਿਰਜਮਾਨ ਹੈ। ਕਹਿੰਦੇ ਹਨ ਕਿ ਮੈਂ ਇਸ ਵਿੱਚ ਪ੍ਰਵੇਸ਼ ਕੀਤਾ ਹੈ। ਜਿਵੇਂ ਬ੍ਰਾਹਮਣਾਂ ਵਿੱਚ ਪਿਤਰਾਂ ਨੂੰ ਬੁਲਾਉਂਦੇ ਹਨ। ਸਮਝੋ, ਕੋਈ ਆਪਣੇ ਬਾਪ ਦੇ ਪਿਤਰ ਨੂੰ ਖਵਾਉਂਦੇ ਹਨ ਤਾਂ ਆਤਮਾ ਕਹਿੰਦੀ ਹੈ ਕਿ ਮੈਂ ਇਹਨਾਂ ਵਿੱਚ ਆਇਆ ਹੋਇਆ ਹੈ। ਮੈਂ ਇਹਨਾਂ ਵਿੱਚ ਪ੍ਰਵੇਸ਼ ਕੀਤਾ ਹੋਇਆ ਹੈ, ਕੁਝ ਪੁੱਛਣਾ ਹੋਵੇ ਤਾਂ ਪੁੱਛੋ। ਅੱਗੇ ਪਿਤਰਾਂ ਨੂੰ ਬੁਲਾਉਣ ਦਾ ਬਹੁਤ ਰਿਵਾਜ਼ ਸੀ। ਪਿਤਰ ਤਾਂ ਆਤਮਾ ਹੈ ਨਾ। ਪਿਤਰ ਯਾਨੀ ਆਤਮਾ ਨੂੰ ਖਿਲਾਇਆ ਜਾਂਦਾ ਹੈ। ਕਹਿਣਗੇ ਅੱਜ ਸਾਡੇ ਦਾਦੇ ਦਾ ਪਿਤਰ ਹੈ, ਅੱਜ ਫਲਾਣੇ ਦਾ ਪਿਤਰ ਹੈ। ਤਾਂ ਆਤਮਾ ਨੂੰ ਬੁਲਾਇਆ ਜਾਂਦਾ ਹੈ, ਖਵਾਇਆ ਜਾਂਦਾ ਹੈ। ਸਮਝੋ ਕਿਸੇਦਾ ਇਸਤਰੀ ਨਾਲ ਪਿਆਰ ਹੈ, ਸ਼ਰੀਰ ਛੱਡ ਦਿੱਤਾ ਤਾਂ ਉਸਦੀ ਆਤਮਾ ਨੂੰ ਬੁਲਾਉਂਦੇ ਹਨ। ਕਹਿੰਦੇ ਹਨ ਅਸੀਂ ਹੀਰੇ ਦੀ ਫੁੱਲੀ ਪਵਾਉਣ ਦਾ ਵਾਇਦਾ ਕੀਤਾ ਸੀ, ਤਾਂ ਬ੍ਰਾਹਮਣ ਨੂੰ ਬੁਲਾਕੇ ਉਹਨਾਂ ਨੂੰ ਹੀਰੇ ਦੀ ਫੁੱਲੀ ਪਵਾਉਂਦੇ ਹਨ। ਬੁਲਾਇਆ ਤਾਂ ਆਤਮਾ ਨੂੰ। ਸ਼ਰੀਰ ਥੋੜੀ ਹੀ ਆਏਗਾ। ਇਹ ਰਸਮ ਭਾਰਤ ਵਿੱਚ ਹੀ ਹੈ। ਜਿਵੇਂ ਤੁਸੀਂ ਸੂਖਸ਼ਮਵਤਨ ਵਿੱਚ ਜਾਂਦੇ ਹੋ, ਕੋਈ, ਮਰ ਗਿਆ, ਉਹਨਾਂ ਨੂੰ ਭੋਗ ਲਗਾਉਂਦੇ ਹੋ ਤਾਂ ਸੂਕ੍ਸ਼੍ਮਵਤਨ ਵਿੱਚ ਉਹ ਆਤਮਾ ਆਉਂਦੀ ਹੈ। ਇਹ ਹੈ

ਬਿਲਕੁਲ ਨਵੀਆਂ ਗੱਲਾਂ। ਜੋ ਤੱਕ ਕੋਈ ਚੰਗੀ ਤਰ੍ਹਾਂ ਸਮਝ ਨਾ ਜਾਏ ਉਦੋਂ ਤੱਕ ਮਨੁੱਖਾਂ ਨੂੰ ਸੰਸ਼ੇ ਪੈਂਦਾ ਹੈ ਕਿ ਇਹ ਕੀ ਕਰਦੇ ਹਨ?, ਬ੍ਰਾਹਮਣਾਂ ਦੀ ਰਸਮ - ਰਿਵਾਜ ਦੇਖੀ ਕਿਵੇਂ ਦੀ ਹੈ! ਸਭ ਮੰਦਿਰਾਂ ਆਦਿ ਵਿੱਚ ਭੋਗ ਲਗਾਉਂਦੇ ਹਨ। ਪਿਤਰ ਨੂੰ ਭੋਗ ਲਗਾਉਂਦੇ ਹਨ। ਗੁਰੂਨਾਨਕ ਦੀ ਆਤਮਾ ਨੂੰ ਭੋਗ ਲਗਾਇਆ, ਹੁਣ ਉਹ ਕਿੱਥੇ ਹਨ? ਇਹ ਸਮਝ ਨਹੀਂ ਸਕਦੇ। ਤੁਸੀਂ ਤਾਂ ਜਾਣਦੇ ਹੋ ਜਿਨ੍ਹਾਂ ਨੇ ਧਰਮ ਸਥਾਪਨ ਕੀਤਾ ਹੋਇਆ ਹੈ, ਉਹ ਸਭ ਇੱਥੇ ਹਨ। ਜਿਵੇਂ ਬਾਬਾ ਕਹਿੰਦੇ ਹਨ ਮੈਂ ਬ੍ਰਾਹਮਣ ਧਰਮ ਸਥਾਪਨ ਕਰਦਾ ਹਾਂ। ਇਹ ਤਾਂ ਪਤਿਤ - ਪਾਵਨ ਹੈ। ਪਾਵਨ ਆਤਮਾ ਹੀ ਆਕੇ ਧਰਮ ਸਥਾਪਨ ਕਰਦੀ ਹੈ। ਪਰ ਸਤੋਪ੍ਰਧਾਨ ਆਤਮਾ ਨੂੰ ਫਿਰ ਸਤੋ, ਰਜੋ, ਤਮੋ ਵਿੱਚ ਆਉਣਾ ਹੀ ਹੈ। ਇਸ ਸਮੇਂ ਸਭ ਆਤਮਾਵਾਂ ਕਬ੍ਰਦਾਖ਼ਿਲ ਹਨ। ਬਾਬਾ ਤੇ ਹੈ ਹੀ ਪਤਿਤ - ਪਾਵਨ। ਉਹ ਕਦੀ ਕਬ੍ਰਦਾਖ਼ਿਲ ਨਹੀਂ ਹੁੰਦੇ। ਮਨੁੱਖ ਨੂੰ ਪਤਿਤ -ਪਾਵਨ ਨਹੀਂ ਕਹਾਂਗੇ। ਪਤਿਤ - ਪਾਵਨ ਮਾਨਾ ਸਾਰੀ ਦੁਨੀਆਂ ਦਾ ਪਤਿਤ - ਪਾਵਨ। ਪਤਿਤ ਪਾਵਨ ਨੂੰ ਪਾਵਨ ਬਣਾਉਣ ਵਾਲਾ ਇੱਕ ਬਾਪ ਦੇ ਸਿਵਾਏ ਕੋਈ ਹੋ ਨਹੀਂ ਸਕਦਾ। ਉਹ ਤਾਂ ਆਉਂਦੇ ਹੀ ਆਪਣਾ - ਆਪਣਾ ਧਰਮ ਸਥਾਪਨ ਕਰਨ। ਕ੍ਰਿਸ਼ਚਨ ਧਰਮ ਦਾ ਸਾਰਾ ਸਿਜਰਾ ਉੱਥੇ ਹੈ, ਪਹਿਲੇ ਕ੍ਰਾਇਸਟ ਆਇਆ ਫਿਰ ਉਹਨਾਂ ਦੇ ਪਿਛਾੜੀ ਸਭ ਆਉਂਦੇ ਰਹਿਣਗੇ, ਵ੍ਰਿਧੀ ਨੂੰ ਪਾਉਂਦੇ ਰਹਿਣਗੇ। ਉਹ ਕੋਈ ਪਤਿਤ ਨੂੰ ਪਾਵਨ ਨਹੀਂ ਬਣਾਉਂਦੇ। ਨੰਬਰਵਾਰ ਉਹਨਾਂ ਦੀ ਸੰਖਿਆਂ ਆਉਂਦੀ ਹੈ। ਪਤਿਤ - ਪਾਵਨ ਤਾਂ ਇਸ ਸਮੇਂ ਚਾਹੀਦਾ ਹੈ, ਜਦੋਂਕਿ ਸਭ ਕਬ੍ਰਦਾਖ਼ਿਲ ਹੋ ਜਾਂਦੇ ਹਨ। ਸਭਨੂੰ ਪਾਵਨ ਬਣਾਉਣ ਵਾਲਾ ਇੱਕ ਉਹ ਹੀ ਹੈ।

ਇਹ ਤੁਸੀਂ ਸਮਝਦੇ ਹੋ ਬਰੋਬਰ ਇਸ ਸਮੇਂ ਸਾਰੀ ਦੁਨੀਆਂ ਜੜ੍ਹਜੜੀਭੂਤ ਹੈ। ਬਨੈਨ ਟ੍ਰੀ ਦਾ ਮਿਸਾਲ ਦਿੰਦੇ ਹਨ, ਬਹੁਤ ਵੱਡਾ ਝਾੜ ਹੈ, ਉਸਦਾ ਫਾਉਂਡੇਸ਼ਨ ਸੜਿਆ ਹੋਇਆ ਹੈ, ਬਾਕੀ ਟਾਲ - ਟਾਲਿਆ ਸਾਰੀ ਖੜੀ ਹੈ। ਇਹ ਵੀ ਝਾੜ ਹੈ। ਦੇਵੀ - ਦੇਵਤਾ ਧਰਮ ਦਾ ਜੋ ਫਾਉਂਡੇਸ਼ਨ ਹੈ, ਉਸਦੀ ਜੜ੍ਹ ਇੱਕਦਮ ਕੱਟ ਗਈ ਹੈ। ਬਾਕੀ ਸਭ ਹਨ। ਬੀਜ਼ ਹੋਵੇ ਤਾਂ ਫਿਰ ਤੋਂ ਸਥਾਪਨ ਕਰੇ ਨਾ। ਬਾਪ ਕਹਿੰਦੇ ਹਨ, ਮੈਂ ਫਿਰ ਤੋਂ ਆਕੇ ਸਥਾਪਨਾ ਕਰਾਉਂਦਾ ਹਾਂ। ਬ੍ਰਹਮਾ ਦਵਾਰਾ ਸਥਾਪਨਾ, ਸ਼ੰਕਰ ਦਵਾਰਾ ਵਿਨਾਸ਼। ਬਰੋਬਰ ਅਨੇਕ ਧਰਮਾਂ ਦਾ ਵਿਨਾਸ਼ ਹੋਇਆ ਸੀ। ਮਹਾਭਾਰਤ ਲੜਾਈ ਦੇ ਸਮੇਂ ਜੋ ਰਾਜਯੋਗ ਸਿੱਖੇ, ਉਹਨਾਂ ਦੀ ਫ਼ਿਰ ਰਾਜਧਾਨੀ ਸਥਾਪਨ ਹੋ ਗਈ। ਤੁਸੀਂ ਜਾਣਦੇ ਹੋ ਹੁਣ ਅਸੀਂ ਬਾਪ ਦੇ ਕੋਲ ਜਾਵਾਂਗੇ ਫਿਰ ਨਵੀਂ ਦੁਨੀਆਂ ਵਿੱਚ ਆਵਾਂਗੇ। ਫਿਰ ਝਾੜ ਵ੍ਰਿਧੀ ਨੂੰ ਪਾਉਂਦਾ ਜਾਏਗਾ। ਦੇਵੀ - ਦੇਵਤਾ ਧਰਮ ਜੋ ਸੀ ਉਹ ਪ੍ਰਾਯ ਲੋਪ ਹੋ ਗਿਆ ਹੈ। ਬਾਪ ਕਹਿੰਦੇ ਹਨ ਮੈਂ ਫਿਰ ਤੋਂ ਆਕੇ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਦਾ ਹਾਂ। ਭਾਰਤ ਜੋ ਉੱਚੇ ਤੇ ਉੱਚੇ ਸੀ ਉਹਨਾਂ ਨੂੰ ਹੁਣ ਗ੍ਰਹਿਣ ਲੱਗਿਆ ਹੋਇਆ ਹੈ। ਕਾਮ ਚਿਤਾ ਤੇ ਬੈਠਣ ਨਾਲ ਇਸ ਸਮੇਂ ਤੁਹਾਡੀ ਆਤਮਾ ਕਾਲੀ ਹੋ ਗਈ ਹੈ। ਹੁਣ ਫਿਰ ਤੁਸੀਂ ਗਿਆਨ ਚਿਤਾ ਤੇ ਬੈਠ ਗੋਰੇ ਬਣਦੇ ਹੋ। ਤੁਸੀਂ ਜੋ ਸ਼ਾਮ ਬਣ ਗਏ ਸੀ, ਸ਼ਾਮ ਨੂੰ ਸੁੰਦਰ ਗੋਰਾ ਬਣਾਉਣ ਵਾਲਾ ਹੈ ਪਰਮਪਿਤਾ ਪਰਮਾਤਮਾ। ਉਹਨਾਂ ਦੀ ਸ਼੍ਰੀਮਤ ਮਿਲਦੀ ਹੈ। ਪਰਮਪਿਤਾ ਪਰਮਾਤਮ ਦੀ ਆਤਮਾ ਏਵਰ ਪਿਓਰ ਗੋਰੀ ਹੈ। ਆਤਮਾ ਵਿੱਚ ਹੀ ਖਾਦ ਪੈਂਦੀ ਹੈ। (ਸੋਨੇ ਦਾ ਮਿਸਾਲ) ਹੁਣ ਤੁਸੀਂ ਜਾਣਦੇ ਹੋ - ਇਸ ਪੁਰਾਣੀ ਦੁਨੀਆਂ ਦਾ ਵਿਨਾਸ਼ ਹੋਣਾ ਹੈ, ਸਭ ਦਾ ਮੌਤ ਹੈ। ਫਿਰ ਤੁਹਾਨੂੰ ਕਹਿਣ ਵਾਲਾ ਕੋਈ ਨਹੀਂ ਰਹੇਗਾ ਕਿ ਰਾਮ - ਰਾਮ ਕਹੋ। ਹੁਣ ਦੇਖੋ, ਨਹਿਰੂ ਮਰਿਆ ਤਾਂ ਉਹਨਾਂ ਦੀ ਰਾਖ ਨੂੰ ਸਬ ਜਗ੍ਹਾ ਗਿਰਾਇਆ। ਸਮਝਾ, ਚੰਗੀ ਖਾਦ ਮਿਲੇਗੀ। ਝਾੜ ਵਿੱਚ ਕੀੜਾ ਆਦਿ ਲੱਗ ਜਾਂਦਾ ਹੈ ਤਾਂ ਉਸ ਵਿੱਚ ਰਾਖ ਪਾਉਂਦੇ ਹਨ। ਹੁਣ ਇਸ ਸਾਰੀ ਪ੍ਰਿਥਵੀ ਵਿੱਚ ਕਿੰਨੀ ਰਾਖ ਮਿਲੇਗੀ। ਵੱਡੇ - ਵੱਡੇ ਸੰਨਿਆਸੀ - ਮਹਾਤਮਾ ਮਰਦੇ ਹਨ ਤਾਂ ਉਹਨਾਂ ਦੀ ਰਾਖ ਇਵੇਂ ਨਹੀਂ ਪਾਉਦੇ ਹਨ। ਸਭਤੋਂ ਉੱਤਮ ਹਨ ਸੰਨਿਆਸੀ। ਹੁਣ ਤਾਂ ਕਿੰਨੇ ਮਰਨਗੇ। ਕਿੰਨੀ ਖਾਦ ਮਿਲੇਗੀ! ਤਾਂ ਕਿਉਂ ਨਹੀਂ ਸ਼੍ਰਿਸਟੀ ਫਸਟ ਕਲਾਸ ਅਨਾਜ਼ ਦਵੇਗੀ। ਸਤਿਯੁਗ ਵਿੱਚ ਸਭ ਹਰੇ ਭਰੇ ਸਭਜ ਹੁੰਦੇ ਹਨ। ਇਸ ਸ਼੍ਰਿਸਟੀ ਨੂੰ ਨਵਾਂ ਬਣਾਉਣ ਵਿੱਚ ਟਾਇਮ ਲੱਗਦਾ ਹੈ। ਤੁਸੀਂ ਸੂਖਸ਼ਮਵਤਨ ਵਿੱਚ ਜਾਂਦੇ ਹੋ, ਕਿੰਨੇ ਵੱਡੇ - ਵੱਡੇ ਫ਼ਲ ਤੁਹਾਨੂੰ ਦਿਖਾਉਂਦੇ ਹਨ, ਸ਼ੁਬੀਰਸ ਪਿਲਾਉਂਦੇ ਹਨ। ਤੁਸੀਂ ਵਿਚਾਰ ਕਰੋ - ਕਿੰਨੀ ਖਾਦ ਮਿਲੇਗੀ! ਸੋ ਵੀ ਖ਼ਾਸ ਭਾਰਤ ਨੂੰ। ਉੱਥੇ ਕਿੰਨੀਆਂ ਚੰਗੀਆਂ - ਚੰਗੀਆਂ ਚੀਜ਼ਾਂ ਨਿਕਲਣਗੀਆਂ ਨਵੀਂ ਦੁਨੀਆਂ ਦੇ ਲਈ। ਖਾਦ ਪੈਕੇ ਸਾਰੀ ਦੁਨੀਆਂ ਨਵੀਂ ਹੋ ਜਾਏਗੀ। ਸੂਕ੍ਸ਼੍ਮਵਤਨ ਵਿੱਚ ਬੈਕੁੰਠ ਦਾ ਸ਼ੁਬੀਰਸ ਤੁਹਾਨੂੰ ਪਿਲਾਉਂਦੇ ਹਨ। ਬਗ਼ੀਚੇ ਆਦਿ ਦਾ ਸਾਕਸ਼ਾਤਕਾਰ ਕਰਾਉਂਦੇ ਹਨ। ਬੱਚਿਆਂ ਨੇ ਸਾਕਸ਼ਾਤਕਾਰ ਕੀਤਾ ਹੈ। ਸ਼ੁਬੀਰਸ ਪੀਕਰ ਆਉਂਦੇ ਹਨ। ਪ੍ਰਿੰਸ - ਪ੍ਰਿੰਸੇਸ ਬਗੀਚੇ ਤੋਂ ਫ਼ਲ ਲੈ ਆਉਂਦੇ ਸੀ। ਹੁਣ ਸੁਕਸ਼ਮਵਤਨ ਵਿੱਚ ਤਾਂ ਬਗ਼ੀਚਾ ਹੋ ਨਾ ਸਕੇ। ਜਰੂਰ ਬੈਕੁੰਠ ਵਿੱਚ ਗਏ ਹੋਣਗੇ। ਇੱਕ - ਇੱਕ ਨੂੰ ਸਾਕਸ਼ਾਤਕਾਰ ਨਹੀਂ ਕਰਾਉਣਗੇ। ਜੋ ਨਿਮਿਤ ਬਣਦੇ ਹਨ, ਉਹਨਾਂ ਨੂੰ ਸਾਕਸ਼ਾਤਕਾਰ ਕਰਾਉਂਦੇ ਹਨ। ਹੋ ਸਕਦਾ ਹੈ ਜੇਕਰ ਤੁਸੀਂ ਯਾਦ ਵਿੱਚ ਰਹੋਗੇ, ਬਾਬਾ ਦੇ ਬੱਚੇ ਬਣਕੇ ਰਹੋਂਗੇ ਤਾਂ ਪਿਛਾੜੀ ਵਿੱਚ ਤੁਹਾਨੂੰ ਸਾਕਸ਼ਾਤਕਾਰ ਹੋਵੇਗਾ। ਇਹ ਤਾਂ ਪਹਿਲੇ ਗਊਸ਼ਾਲਾ ਬਣਨੀ ਸੀ, ਭੱਟੀ ਵਿੱਚ ਪਕਣਾ ਸੀ ਤਾਂ ਬਹੁਤ ਆ ਗਏ।

ਬੱਚਿਆਂ ਨੂੰ ਸਮਝਾਇਆ ਹੈ ਸਿਰਫ਼ ਲਿਟਰੇਚਰ ਦੇਣ ਨਾਲ ਸਮਝ ਨਹੀਂ ਸਕਣਗੇ। ਸਮਝਾਉਣ ਵਾਲਾ ਟੀਚਰ ਜਰੂਰ ਚਾਹੀਦਾ ਹੈ। ਟੀਚਰ ਸੈਕਿੰਡ ਵਿੱਚ ਸਮਝਾਵੇਗਾ- ਇਹ ਤੁਹਾਡਾ ਬਾਬਾ ਹੈ, ਇਹ ਦਾਦਾ ਹੈ, ਇਹ ਬੇਹੱਦ ਦਾ ਬਾਪ ਸਵਰਗ ਦਾ ਰਚਿਯਤਾ ਹੈ। ਸਿਰਫ਼ ਕਿਸੇ ਨੂੰ ਲਿਟਰੇਚਰ ਦਿੱਤਾ ਤਾਂ ਦੇਖਕੇ ਸੁੱਟ ਦੇਣਗੇ, ਕੁਝ ਵੀ ਸਮਝਣਗੇ ਨਹੀਂ। ਇਨਾਂ ਜਰੂਰ ਸਮਝਾਉਣਾ ਹੈ ਕਿ ਬਾਪ ਆਇਆ ਹੈ। ਇਹ ਢਿੰਡੋਰਾ ਪਿਟਵਾਣਾ ਤੁਹਾਡਾ ਫਰਜ਼ ਹੈ। ਬਰੋਬਰ ਯਾਦਵ - ਕੌਰਵ ਵੀ ਹਨ, ਮਹਾਭਾਰਤ ਲੜਾਈ ਵੀ ਸਾਹਮਣੇ ਖੜੀ ਹੈ। ਜਰੂਰ ਰਾਜਯੋਗ ਸਿਖਾਉਣ ਵਾਲਾ ਵੀ ਹੋਵੇਗਾ। ਜਰੂਰ ਸਵਰਗ ਦੀ ਸਥਾਪਨਾ ਵੀ ਹੋਵੇਗੀ। ਇੱਕ ਧਰਮ ਦੀ ਸਥਾਪਨਾ, ਅਨੇਕ ਧਰਮਾਂ ਦਾ ਵਿਨਾਸ਼ ਹੋਵੇਗਾ। ਤੁਸੀਂ ਜਾਣਦੇ ਹੋ ਅਸੀਂ ਨਰ ਤੋਂ ਨਾਰਾਇਣ, ਨਾਰੀ ਤੋਂ ਲਕਸ਼ਮੀ ਬਣਦੇ ਹਨ। ਇਹ ਹੈ ਸਾਡੀ ਏਮ ਆਬਜੇਕ੍ਟ। ਮਨੁੱਖ ਤੋਂ ਦੇਵਤਾ ਕੀਤੇ ਕਰਤ ਨਾ ਲਾਗੀ ਵਾਰ। ਦੇਵਤਾ ਸਿਰਫ਼ ਸੂਰਜਵੰਸ਼ੀ ਨੂੰ ਕਿਹਾ ਜਾਂਦਾ ਹੈ। ਚੰਦਰਵੰਸ਼ੀ ਨੂੰ ਸ਼ਤ੍ਰੀ ਕਿਹਾ ਜਾਂਦਾ ਹੈ। ਪਹਿਲੇ ਤਾਂ ਦੇਵਤਾ ਬਣਨਾ ਚਾਹੀਦਾ ਹੈ ਨਾ। ਨਾਪਾਸ ਹੋਣ ਨਾਲ ਸ਼ਤ੍ਰੀ ਹੋ ਜਾਂਦੇ ਹਨ। ਤਾਂ ਬਾਪ ਕਹਿੰਦੇ ਹਨ - ਮਿੱਠੇ - ਮਿੱਠੇ ਸਿਕੀਲੱਧੇ ਬੱਚੇ।

ਕਿੰਨੇ ਢੇਰ ਸਿਕੀਲੱਧੇ ਬੱਚੇ ਹਨ! ਦੇਖੋ, ਕਿਸੇ ਦਾ ਬੱਚਾ ਗੁੰਮ ਹੋ ਜਾਂਦਾ ਹੈ, 6-8 ਮਹੀਨੇ ਦੇ ਬਾਅਦ ਆਕੇ ਮਿਲਦਾ ਹੈ ਤਾਂ ਕਿੰਨਾ ਪਿਆਰ ਨਾਲ ਆਕੇ ਮਿਲੇਗਾ! ਬਾਪ ਨੂੰ ਕਿੰਨੀ ਖੁਸ਼ੀ ਹੋਵੇਗੀ! ਇਹ ਬਾਪ ਵੀ ਕਹਿੰਦੇ ਹਨ - ਲਾਡਲੇ ਸਿਕੀਲੱਧੇ ਬੱਚੇ, ਤੁਸੀਂ 5 ਹਜ਼ਾਰ ਵਰ੍ਹੇ ਬਾਅਦ ਆਕੇ ਮਿਲੇ ਹੋ। ਲਾਡਲੇ ਬੱਚੇ, ਤੁਸੀਂ ਬਿਛੜ ਗਏ ਸੀ, ਹੁਣ ਫਿਰ ਆਕੇ ਮਿਲੇ ਸੋ ਬੇਹੱਦ ਦਾ ਵਰਸਾ ਲੈਣ ਲਈ। ਡੀਟੀ ਵਰਲਡ ਸਾਵਰੰਟੀ ਇਜ ਯੋਰ ਗੋਡ ਫਾਦਰਲੀ ਬਰਥ ਰਾਈਟ। ਬਾਬਾ ਤੁਹਾਨੂੰ ਬੇਹੱਦ ਦੀ ਬਾਦਸ਼ਾਹੀ ਦੇਣ ਆਇਆ ਹੈ। ਇਹ ਹੈ ਹੇਵਿਨਲੀ ਗੋਡ ਫ਼ਾਦਰ। ਕਹਿੰਦੇ ਹਨ ਤੁਸੀਂ ਬੱਚਿਆਂ ਦੇ ਲਈ ਕਿੰਨੀ ਵੱਡੀ ਸੌਗਾਤ ਲਿਆਉਂਦੀ ਹੈ! ਪਰ ਇਨਾਂ ਲਾਇਕ ਬਣਨਾ ਹੈ, ਸ਼੍ਰੀਮਤ ਤੇ ਚਲਣਾ ਹੈ। ਮੰਮਾ - ਬਾਬਾ ਕਹਿਕੇ ਜੇਕਰ ਭੁੱਲ ਜਾਣ ਜਾਂ ਫਾਰਗਤੀ ਦੇਣ ਤਾਂ ਗਲੇ ਦਾ ਹਾਰ ਨਹੀਂ ਬਣੋਂਗੇ। ਬੱਚਿਆਂ ਨੂੰ ਕਿੰਨਾ ਪਿਆਰ ਕੀਤਾ ਜਾਂਦਾ ਹੈ। ਬਾਪ ਬੱਚਿਆਂ ਨੂੰ ਸਿਰ ਤੇ ਰੱਖਦੇ ਹਨ। ਬੇਹੱਦ ਦੇ ਬਾਪ ਨੂੰ ਕਿੰਨੇ ਬੱਚੇ ਹਨ। ਬਾਬਾ ਕਿੰਨਾ ਉੱਚ ਮੱਥੇ ਤੇ ਚੜਾਉਂਦੇ ਹਨ। ਪੈਰ ਵਿੱਚ ਜੋ ਡਿੱਗੇ ਹੋਏ ਹਨ, ਉਹਨਾ ਨੂੰ ਮੱਥੇ ਤੇ ਚੜਾਉਂਦੇ ਹਨ। ਤਾਂ ਕਿੰਨੀ ਖੁਸ਼ੀ ਰਹਿਣੀ ਚਾਹੀਦੀ ਹੈ! ਅਤੇ ਸ਼੍ਰੀਮਤ ਤੇ ਚੱਲਣਾ ਚਾਹੀਦਾ ਹੈ। ਇੱਕ ਦੀ ਸ਼੍ਰੀਮਤ ਤੇ ਚੱਲਣਾ ਹੈ। ਆਪਣੀ ਮਨਮਤ ਤੇ ਚੱਲਿਆ ਤਾਂ ਇਹ ਮਰਿਆ। ਸ਼੍ਰੀਮਤ ਤੇ ਚੱਲਣਗੇ ਤਾਂ ਸ਼੍ਰੇਸ਼ਠ ਤੇ ਸ਼੍ਰੇਸ਼ਠ ਮਨੁੱਖ ਮਤਲਬ ਦੇਵਤਾ ਬਣਨਗੇ। ਬਾਬਾ ਪੁੱਛਦੇ ਹਨ ਨਾ ਕਿ ਕਿੰਨੇ ਨੰਬਰ ਤੋਂ ਪਾਸ ਹੋਣਗੇ? ਬਾਪ ਵੀ ਕਹਿੰਦੇ ਹਨ ਸੂਰਜਵੰਸ਼ੀ ਬਣੋ। ਤਾਂ ਮੰਮਾ ਬਾਬਾ ਨੂੰ ਫਾਲੋ ਕਰਨਾ ਪਵੇ। ਆਪ ਸਮਾਨ ਸਵਦਰਸ਼ਨ ਚੱਕਰਧਾਰੀ ਬਣਨਾ ਹੈ। ਸ਼ਿਵਬਾਬਾ ਦੇ ਅੱਗੇ ਲੈ ਆਉਂਦੇ ਹਨ ਤਾਂ ਬਾਬਾ ਪੁੱਛਦੇ ਹਨ ਕਿੰਨਿਆਂ ਨੂੰ ਆਪ ਸਮਾਨ ਬਣਾਇਆ ਹੈ? ਕਿੰਨੇ ਮਜ਼ੇ ਦੀ ਗੱਲ ਹੈ। ਤੁਸੀਂ ਹੀ ਸਮਝ ਸਕਦੇ ਹੋ, ਨਵਾਂ ਕੋਈ ਬਿਲਕੁਲ ਹੀ ਨਹੀਂ ਸਮਝ ਸਕੇਗਾ ਕਿ ਇਹ ਕੋਈ ਮਨੁੱਖ ਤੋਂ ਦੇਵਤਾ ਬਣਨ ਦੀ ਕਾਲੇਜ ਹੈ। ਕਿਸੇ ਨੂੰ ਤਾਂ 7 ਰੋਜ਼ ਵਿੱਚ ਬਹੁਤ ਵਧੀਆ ਰੰਗ ਚੜ੍ਹ ਜਾਂਦਾ ਹੈ। ਕਿਸੇ ਨੂੰ ਤਾਂ ਬਿਲਕੁਲ ਨਹੀਂ ਚੜਦਾ। ਬਹੁਤ ਮਿਹਨਤ ਕਰਨੀ ਪੈਂਦੀ ਹੈ। ਪਹਿਲੀ - ਪਹਿਲੀ ਗੱਲ ਬੱਚਿਆਂ ਨੂੰ ਸਮਝਾਈ ਕਿ ਪਹਿਲੇ ਸਭਨੂੰ ਬੋਲੋ ਕਿ ਬੇਹੱਦ ਦੇ ਬਾਪ ਨੂੰ ਜਾਣਦੇ ਹੋ? ਕਹਿੰਦੇ ਹਨ - ਹਾਂ, ਉਹ ਮੇਰੇ ਵਿੱਚ ਵੀ ਹਨ, ਸਰਵਵਿਆਪੀ ਹਨ। ਫਿਰ ਤਾਂ ਪੁੱਛਣ ਦੀ ਲੋੜ ਹੀ ਨਹੀਂ ਹੈ। ਜਦੋਂ ਬਾਪ ਕਹਿੰਦੇ ਹੋ ਤਾਂ ਬਾਪ ਤੁਹਾਡੇ ਵਿੱਚ ਜਾਂ ਮੇਰੇ ਵਿੱਚ ਕਿਵੇਂ ਹੋ ਸਕਦਾ ਹੈ? ਬਾਪ ਕੋਲੋਂ ਤਾਂ ਵਰਸਾ ਲਿਆ ਜਾਂਦਾ ਹੈ। ਤਾਂ ਪਹਿਲੇ - ਪਹਿਲੇ ਅਲਫ਼ ਤੇ ਸਮਝਾਓ।

ਬਾਪ ਕਹਿੰਦੇ ਹਨ - "ਮੇਰੇ ਸਿਕੀਲਧੇ ਬੱਚੇ।" ਇਵੇਂ ਕੋਈ ਸਾਧੂ - ਸੰਨਿਆਸੀ ਕਹਿ ਨਾ ਸਕੇ। ਤੁਸੀਂ ਜਾਣਦੇ ਹੋ ਬਰੋਬਰ ਅਸੀਂ ਸ਼ਿਵਬਾਬਾ ਦੇ ਸਿਕੀਲੱਧੇ ਬੱਚੇ ਹਾਂ, 5 ਹਜ਼ਾਰ ਵਰ੍ਹੇ ਦੇ ਬਾਅਦ ਫਿਰ ਆਕੇ ਮਿਲੇ ਹਾਂ ਸਵਰਗ ਦਾ ਵਰਸਾ ਲੈਣ ਲਈ। ਜਾਣਦੇ ਹੋ ਅਸੀਂ ਹੀ ਸਵਰਗ ਦੇ ਮਾਲਿਕ ਸੀ ਫਿਰ ਅਸੀਂ ਹੀ ਬਣਦੇ ਹਾਂ। ਸਵਰਗ ਵਿੱਚ ਜਾਣਾ ਜਰੂਰ ਹੈ। ਫਿਰ ਪੁਰਸ਼ਾਰਥ ਅਨੁਸਾਰ ਉੱਚ ਪਦਵੀ ਨੂੰ ਪਾਉਣਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਮਾਤ - ਪਿਤਾ ਨੂੰ ਫਾਲੋ ਕਰ ਆਪ ਸਮਾਨ ਬਣਾਉਣਾ ਦੀ ਸੇਵਾ ਕਰਨੀ ਹੈ। ਸਵਦਰਸ਼ਨ ਚੱਕਰਧਾਰੀ ਬਣਨਾ ਅਤੇ ਬਣਾਉਣਾ ਹੈ।

**2.** ਬਾਪ ਦੇ ਗਲੇ ਦਾ ਹਾਰ ਬਣਨ ਦੇ ਲਈ ਬੁੱਧੀ ਨਾਲ ਬਾਪ ਨੂੰ ਯਾਦ ਕਰਨਾ ਹੈ, ਆਵਾਜ਼ ਨਹੀਂ ਕਰਨੀ ਹੈ। ਯਾਦ ਦੀ ਧੁੰਨ ਵਿੱਚ ਰਹਿਣਾ ਹੈ।

ਵਰਦਾਨ:- ਦੇਹ - ਅਭਿਮਾਨ ਦੇ ਤਿਆਗ ਦਵਾਰਾ ਸਦਾ ਸਵਮਾਨ ਵਿੱਚ ਸਥਿਤ ਰਹਿਣ ਵਾਲੇ ਸੰਮਾਨਧਾਰੀ ਭਵ

ਜੋ ਬੱਚੇ ਇਸ ਇੱਕ ਜਨਮ ਵਿੱਚ ਦੇਹ - ਅਭਿਮਾਨ ਦਾ ਤਿਆਗ ਕਰ ਸਵਮਾਨ ਵਿੱਚ ਸਥਿਤ ਰਹਿੰਦੇ ਹਨ, ਉਹਨਾਂ ਨੂੰ ਇਸ ਤਿਆਗ ਦੇ ਰਿਟਰਨ ਵਿੱਚ ਭਾਗਵਿਧਾਤਾ ਬਾਪ ਦਵਾਰਾ ਸਾਰੇ ਕਲਪ ਦੇ ਲਈ ਸੰਮਾਨਧਾਰੀ ਬਣਨ ਦਾ ਭਾਗ ਮਿਲਦਾ ਹੈ। ਅੱਧਾਕਲਪ ਪ੍ਰਜਾ ਦਵਾਰਾ ਸਮਾਨ ਪ੍ਰਾਪਤ ਹੁੰਦਾ ਹੈ, ਅੱਧਾਕਲਪ ਭਗਤਾਂ ਦਵਾਰਾ ਸਮਾਨ ਪ੍ਰਾਪਤ ਕਰਦੇ ਹੋ ਅਤੇ ਇਸ ਸਮੇਂ ਸੰਗਮ ਤੇ ਤਾਂ ਖੁਦ ਭਗਵਾਨ ਆਪਣੇ ਸਵਮਾਨਧਾਰੀ ਬੱਚਿਆਂ ਨੂੰ ਸੰਮਾਨ ਦਿੰਦੇ ਹਨ। ਸਵਮਾਨ ਅਤੇ ਸੰਮਾਨ ਦੋਵਾਂ ਦਾ ਆਪਸ ਵਿੱਚ ਬਹੁਤ ਗਹਿਰਾ ਸੰਬੰਧ ਹੈ।

ਸਲੋਗਨ:- ਹਰ ਕਦਮ ਵਿੱਚ ਬਾਪ ਦੀ, ਬ੍ਰਾਹਮਣ ਪਰਿਵਾਰ ਦੀ ਦੁਆਵਾਂ ਲੈਂਦੇ ਰਹੋ ਤਾਂ ਸਦਾ ਅੱਗੇ ਵੱਧਦੇ ਰਹੋਂਗੇ।

******